# ਇਕਾਂਗੀ : ਪਰਤ ਆਉਣ ਤੱਕ
# ਸਤੀਸ਼ ਕੁਮਾਰ ਵਰਮਾ
# ਪਾਤਰ ਚਿਤਰਨ

1. ਸੱਜਣ
2. ਸੁੰਦਰ
3. ਕਰਤਾਰੀ
4. ਸੰਤੀ
5. ਬਜ਼ੁਰਗ ਪੰਜਾਬਾ

Edit with WPS Office

# • ਸੱਜਣ ਦਾ ਪਾਤਰ ਚਿਤਰਨ

- **ਜਾਣ-ਪਛਾਣ** ਸੱਜਣ ਪਰਤ ਆਉਣ ਤੱਕ ਇਕਾਂਗੀ ਦਾ ਮਹੱਤਵਪੂਰਨ ਪਾਤਰ ਹੈ।ਉਹ ਪਿੰਡ ਵਿੱਚ ਖੇਤੀ ਦਾ ਕੰਮ ਕਰਦਾ ਹੈ।ਕਰਤਾਰੀ ਉਸਦੀ ਪਤਨੀ ਹੈ ।ਗੁਰਦੀਪ ਉਸ ਦਾ ਪੁੱਤਰ ਹੈ ।ਉਸਦੇ ਚਰਿੱਤਰ ਵਿੱਚ ਹੇਠ ਲਿਖੇ ਗੁਣ ਹਨ:-
- **ਪਤਨੀ ਦੇ ਲੜਾਕੇ ਸੁਭਾਅ ਤੋਂ ਦੁਖੀ** ਸੱਜਣ ਆਪਣੀ ਪਤਨੀ ਦੇ ਲੜਾਕੇ ਸੁਭਾਅ ਤੋਂ ਬਹੁਤ ਦੁਖੀ ਹੈ ਕਿਉਂਕਿ ਉਸ ਦੀ ਪਤਨੀ ਹਰ ਵੇਲੇ ਆਪਣੀ ਦਰਾਣੀ ਜੋ ਕਿ ਉਸਦੀ ਸਕੀ ਭੈਣ ਹੈ,ਨਾਲ ਲੜਦੀ ਰਹਿੰਦੀ ਹੈ ।ਜਿਸ ਨਾਲ ਘਰ ਵਿੱਚ ਕਲੇਸ਼ ਰਹਿੰਦਾ ਹੈ ।
- **ਗਰਮ ਸੁਭਾਅ ਦਾ** ਸੱਜਣ ਦਾ ਸੁਭਾਅ ਗਰਮ ਹੈ।ਜਦ ਉਸ ਦੇ ਵਾਰ-ਵਾਰ ਸਮਝਾਉਣ 'ਤੇ ਵੀ ਕਰਤਾਰੀ ਲੜਾਈ ਕਰਨੋਂ ਨਹੀਂ ਹਟਦੀ ਤਾ ਉਹ ਕਹਿੰਦਾ ਹੈ, "ਤੂੰ ਮੈਥੋਂ ਹੁਣ ਟੱਬੇ ਖਾ ਕੇ ਈ ਹਟੇਂਗੀ।"
- **ਨਿਰਪੱਖ** ਸੱਜਣ ਆਪਣੀ ਪਤਨੀ ਤੇ ਭਰਜਾਈ ਦੇ ਝਗੜੇ ਵਿੱਚ ਕਿਸੇ ਦਾ ਵੀ ਪੱਖ ਨਹੀਂ ਲੈਂਦਾ, ਸਗੋਂ ਉਹ ਸਮਝਦਾ ਹੈ ਕਿ ਝਗੜੇ ਵਿੱਚ ਉਹ ਦੋਵੇਂ ਜ਼ਿੰਮੇਵਾਰ ਹਨ।
- **ਪਰਿਵਾਰਿਕ ਸਾਂਝ ਬਣਾਈ ਰੱਖਣ ਵਾਲਾ** ਸੱਜਣ ਘਰ ਵਿੱਚ ਪਰਿਵਾਰਿਕ ਸਾਂਝ ਬਣਾਈ ਰੱਖਣ ਲਈ ਆਪਣੀ ਪਤਨੀ ਤੇ ਪਰਿਵਾਰ ਦੇ ਬਾਕੀ ਮੈਂਬਰਾਂ ਨੂੰ ਵੀ ਵਾਰ-ਵਾਰ ਪਿਆਰ ਨਾਲ ਰਹਿਣ ਲਈ ਕਹਿੰਦਾ ਹੈ ।
- **ਬਾਪੂ ਦਾ ਖ਼ਿਆਲ ਰੱਖਣ ਵਾਲਾ** ਸੱਜਣ ਆਪਣੇ ਬਾਪੂ ਲਈ ਬਹੁਤ ਫ਼ਿਕਰਮੰਦ ਹੈ ।ਜਦੋਂ ਉਸਦੇ ਬਾਪੂ ਨੂੰ ਬੁਖ਼ਾਰ ਹੁੰਦਾ ਹੈ ਤਾਂ ਉਹ ਚਿੰਤਾ ਕਰਨ ਲੱਗ ਜਾਂਦਾ ਹੈ ਅਤੇ ਕਹਿੰਦਾ ਹੈ, "ਕਰਤਾਰ ਕੁਰੇ,ਬਾਪੂ ਢਿੱਲੈ ਕੁਸ।ਚਾਹ-ਚੂਹ ਕਰਕੇ ਦੇਹ।"ਉਹ ਬਾਪੂ ਨੂੰ ਆਪਣੇ ਘਰ ਲਿਜਾਣਾ ਚਾਹੁੰਦਾ ਹੈ, ਪਰ ਜਦ ਉਸਦਾ ਬਾਪੂ ਅੱਡ-ਅੱਡ ਹੋਏ ਘਰਾਂ ਵਿੱਚ ਨਹੀਂ ਜਾਣਾ ਚਾਹੁੰਦਾ ਤਾਂ ਉਹਬਾਪੂ ਦੀ ਮਾਨਸਿਕ ਹਾਲਤ ਸਮਝਦਾ ਹੋਇਆ ਘਰ ਨੂੰ ਇਕੱਠਾ ਕਰਨਾ ਮੰਨ ਜਾਂਦਾ ਹੈ ।
- ਇਸ ਪ੍ਰਕਾਰ ਸੱਜਣ ਗਰਮ ਸੁਭਾਅ ਦਾ, ਆਪਣੀ ਪਤਨੀ ਦੇ ਲੜਾਕੇ ਸੁਭਾਅ ਤੋਂ ਦੁਖੀ ਤੇ ਪਰਿਵਾਰਿਕ ਸਾਂਝ ਬਣਾਈ ਰੱਖਣ ਵਾਲਾ ਪਾਤਰ ਹੈ ।

Edit with WPS Office

# • ਸੁੰਦਰ ਦਾ ਪਾਤਰ ਚਿਤਰਨ

ਜਾਣ-ਪਛਾਣ ਸੁੰਦਰ ਪਰਤ ਆਉਣ ਤੱਕ ਇਕਾਂਗੀ ਦਾ ਮਹੱਤਵਪੂਰਤ ਪਾਤਰ ਹੈ ।ਉਹ ਸੱਜਣ ਦਾ ਛੋਟਾ ਭਰਾ ਹੈ।ਸੰਤੀ ਉਸਦੀ ਪਤਨੀ ਤੇ ਜਿੰਦਾ ਉਸਦਾ ਪੁੱਤਰ ਹੈ ।ਬਜ਼ੁਰਗ ਪੰਜਾਬਾ ਉਸਦਾ ਪਿਤਾ ਹੈ ।ਉਹ ਆਪਣੇ ਭਰਾ ਵਾਂਗ ਪਿੰਡ ਵਿੱਚ ਖੇਤੀ ਦਾ ਕੰਮ ਕਰਦਾ ਹੈ।ਉਸਦੇ ਚਰਿੱਤਰ ਵਿੱਚ ਹੇਠ ਲਿਖੇ ਗੁਣ ਹਨ:-

ਪਤਨੀ ਦੇ ਲੜਾਕੇ ਸੁਭਾਅ ਤੋਂ ਦੁਖੀ ਸੁੰਦਰ ਵੀ ਆਪਣੇ ਭਰਾ ਸੱਜਣ ਵਾਂਗ ਹੀ ਆਪਣੀ ਪਤਨੀ ਦੇ ਲੜਾਕੇ ਸੁਭਾਅ ਤੋਂ ਦੁਖੀ ਹੈ । ਜਦੋਂ ਸੰਤੀ ਸੁੰਦਰ ਕੋਲ ਜੇਠਾਣੀ ਕਰਤਾਰੀ ਜੋ ਕਿ ਉਸਦੀ ਸਕੀ ਭੈਣ ਵੀ ਹੈ,ਦੀਆਂ ਸ਼ਿਕਾਇਤਾਂ ਲਾਉਂਦੀ ਹੈ ਤਾਂ ਉਹ ਦੁਖੀ ਹੋਇਆ ਕਹਿੰਦਾ ਹੈ, "ਫੇਰ ਸ਼ੁਰੂ ਕਰ ਦਿੱਤਾ ਜੰਗ ਹਿੰਦ-ਪੰਜਾਬ ਦਾ ।ਮਖਾਂ ਦੋ ਘੜੀ ਰਮਾਨ ਨਾਲ ਵੀ ਬਹਿ ਲਿਆ ਕਰੋ।"

ਨਰਮ ਸੁਭਾਅ ਦਾ ਸੁੰਦਰ ਆਪਣੇ ਭਰਾ ਸੱਜਣ ਤੋਂ ਉਲਟ ਨਰਮ ਸੁਭਾਅ ਦਾ ਹੈ ।ਉਸਦੀ ਆਪਣੀ ਪਤਨੀ ਸੰਤੀ ਅੱਗੇ ਕੋਈ ਪੇਸ਼ ਨਹੀਂ ਜਾਂਦੀ ।ਜਿੰਦਾ ਵੀ ਆਪਣੇ ਬਾਪੂ ਬਾਰੇ ਕਹਿੰਦਾ ਹੈ, "ਬਾਪੂ ਸਾਡੇ ਆਲਾ ਬਚਾਰਾ ਨਰਮ ਐ ਉਹਦੀ ਉਂ ਵਾਹ ਨੀ ਜਾਂਦੀ ।"

ਨਿਰਪੱਖ ਜਦੋਂ **ਸੁੰਦਰ ਦੀ ਪਤਨੀ ਆਪਣੀ ਜੇਠਾਣੀ ਨਾਲ ਲੜਦੀ ਹੈ ਤਾਂ ਉਹ ਕਿਸੇ ਦਾ ਵੀ ਪੱਖ ਨਹੀਂ ਲੈਂਦਾ ।ਭਾਵੇਂ ਉਸ ਦੀ ਪਤਨੀ ਵਾਰ-ਵਾਰ ਆਪਣੀ ਜੇਠਾਣੀ ਦੀ ਗਲਤੀ ਕੱਢਦੀ ਹੈ, ਪਰ ਉਹ ਆਪਣੀ ਪਤਨੀ ਦਾ ਵੀ ਬਰਾਬਰ ਦਾ ਕਸੂਰ ਮੰਨਦਾ ਹੈ ।**

**ਘਰ ਦੀ ਇੱਜ਼ਤ ਦਾ ਖ਼ਿਆਲ ਰੱਖਣ ਵਾਲਾ ਸੁੰਦਰ ਨੂੰ ਆਪਣੇ ਘਰਦੀ ਇੱਜ਼ਤ ਦਾ ਬੜਾ ਖ਼ਿਆਲ ਹੈ ।ਜਦੋਂ ਉਸਦੀ ਪਤਨੀ ਤੇ ਭਰਜਾਈ ਆਪਸ ਵਿੱਚ ਲੜਦੀਆਂ ਹਨ ਤਾਂ ਉਹ ਆਪਣੀ ਪਤਨੀ ਨੂੰ ਕਹਿੰਦਾ ਹੈ, "ਕਿਉਂ ਸਾਰੇ ਪਿੰਡ ਨੂੰ ਬਦਨਾਮੀ ਖੱਟਣ ਆਲ਼ਾ ਕੰਮ ਕਰਦੀਓਂ ਇਸ ਘਰ 'ਚੋਂ ਕਦੇ ਉੱਚੀ ਅਵਾਜ਼ ਨੀ ਸੀ ਨਿਕਲ਼ੀ ।"**

**ਬਾਪੂ ਦਾ ਖ਼ਿਆਲ ਰੱਖਣ ਵਾਲਾ ਸੁੰਦਰ ਨੂੰ ਜਦੋਂ ਪਤਾ ਲੱਗਦਾ ਹੈ ਕਿ ਉਸਦਾ ਬਾਪੂ ਕੁਝ ਢਿੱਲਾ ਹੈ ਤਾਂ ਉਹ ਸੰਤੀ ਨੂੰ ਕਹਿੰਦਾ ਹੈ ਕਿ ਤੁਲਸੀ ਦੇ ਪੱਤੇ ਪਾ ਕੇ ਬਾਪੂ ਲਈ ਚਾਹ ਬਣਾ ਦੇਵੇ।ਫਿਰ ਉਹ ਬਾਪੂ ਨੂੰ ਆਪਣੇ ਘਰ ਚੱਲਣ ਲਈ ਕਹਿੰਦਾ ਹੈ, ਪਰ ਜਦੋਂ ਬਾਪੂ ਅੱਡ-ਅੱਡ ਹੋਏ ਘਰਾਂ ਵਿੱਚ ਨਹੀ ਜਾਣਾ ਚਾਹੁੰਦਾ ਤਾਂ ਉਹਬਾਪੂ ਦੀ ਮਾਨਸਿਕ ਹਾਲਤ ਸਮਝਦਾ ਹੋਇਆ ਘਰ ਨੂੰ ਇਕੱਠਾ ਕਰਨਾ ਮੰਨ ਜਾਂਦਾ ਹੈ**

**ਇਸ ਪ੍ਰਕਾਰ ਸੁੰਦਰ ਪਤਨੀ ਦੇ ਲੜਾਕੇ ਸੁਭਾਅ ਤੋਂ ਦੁਖੀ, ਨਰਮ ਸੁਭਾਅ ਦਾ, ਆਪਣੇ ਘਰ ਦੀ ਇੱਜ਼ਤ ਤੇ ਬਾਪੂ ਦੀ ਇੱਜ਼ਤ ਦਾ ਖ਼ਿਆਲ ਰੱਖਣ ਵਾਲਾ ਪਾਤਰ ਹੈ ।**

Edit with WPS Office

# ਕਰਤਾਰੀ ਦਾ ਪਾਤਰ ਚਿਤਰਨ

ਕਰਤਾਰੀ ਪਰਤ ਆਉਣ ਤੱਕ ਇਕਾਂਗੀ ਦੀ ਮਹੱਤਵਪੂਰਨ ਪਾਤਰ ਹੈ ।ਉਹ ਸੱਜਣ ਦੀ ਪਤਨੀ ਤੇ ਸੰਤੀ ਦੀ ਜਠਾਣੀ ਹੈ ਤੇ ਉਸ ਦੀ ਸਕੀ ਭੈਣ ਵੀ ਹੈ ਜੋ ਕਿ ਸਹੁਰੇ ਘਰ ਇੱਕ ਦੂਜੇ ਦੀਆਂ ਸ਼ਰੀਕਣਾ ਬਣ ਕੇ ਲੜਾਈ ਕਰਦੀਆਂਹਨ।ਦੀਪਾ ਉਸਦਾ ਪੁੱਤਰ ਹੈ ਤੇ ਬਜ਼ੁਰਗ ਪੰਜਾਬਾ ਉਸਦਾ ਸਹੁਰਾ ਹੈ।ਉਸਦੇਚਰਿਤਰ ਵਿੱਚ ਹੇਠ ਲਿਖੇ ਗੁਣ ਹਨ

**ਲੜਾਈ ਦੀ ਸ਼ੁਰੂਆਤ ਕਰਨ ਵਾਲੀ** ਕਰਤਾਰੀ ਲੜਾਈ ਕਰਨ ਵਿੱਚ ਮੋਹਰੇ ਰਹਿੰਦੀ ਹੈ।ਜਦੋਂ ਇਕਾਂਗੀ ਦਾ ਦੂਜਾ ਦ੍ਰਿਸ਼ ਸ਼ੁਰੂ ਹੁੰਦਾ ਹੈ ਤਾਂ ਲੜਾਈ ਦੀ ਸ਼ੁਰੂਆਤ ਕਰਤਾਰੀ ਹੀ ਕਰਦੀ ਹੈ।ਉਹ ਆਪਣੀ ਦਰਾਣੀ ਨੂੰ ਸੁਣਾ ਕੇ ਜਾਣ-ਬੁਝ ਕੇ ਆਪਣੇ ਸਹੁਰੇ ਨਾਲ ਲੜਾਈ ਵਾਲੀਆ ਗੱਲਾਂ ਕਰਦੀ ਹੈ।

**ਵਹਿਮੀ ਔਰਤ** ਕਰਤਾਰੀ ਇੱਕ ਵਹਿਮੀ ਔਰਤ ਹੈ ।ਇਕਾਂਗੀ ਦੇ ਦੂਜੇ ਦ੍ਰਿਸ਼ ਵਿੱਚ ਹੀ ਉਹ ਆਪਣੇ ਸਹੁਰੇ ਨਾਲ ਗੱਲ ਕਰਦੀ ਹੈ ਕਿ ਸੰਤੀ ਨੇ ਉਸਦੀ ਕਣਕ ਨੂੰ ਨਜ਼ਰ ਲਾ ਦਿੱਤੀ ਹੈ, ਜਿਸ ਕਰਕੇ ਮਣ ਪੱਕੀ ਕਣਕ 'ਚੋਂ ਮਸਾਂ ਦਸ ਸੇਰ ਆਟਾ ਨਿਕਲਿਆ ।

**ਚੁਸਤ-ਚਲਾਕ** ਕਰਤਾਰੀ ਬਹੁਤ ਚਲਾਕ ਔਰਤ ਹੈ ।ਆਪਣੇ ਘਰ ਵਿੱਚ ਬੈਠੀ ਜਦੋਂ ਉਹ ਸੰਤੀ ਨੂੰ ਗਾਲ੍ਹਾਂ ਕੱਢਦੀ ਹੈ ਤਾਂ ਸੰਤੀ ਉਸ ਨੂੰ ਅਜਿਹਾ ਕਰਨ ਤੋਂ ਰੋਕਦੀ ਹੈ ।ਕਰਤਾਰੀ ਕਹਿੰਦੀ ਹੈ ਕਿ ਉਹ ਆਪਣੇ ਘਰ ਵਿੱਚ ਜੋ ਮਰਜ਼ੀ ਕਰੇ।ਸਾਰਾ ਦਿਨ ਲੋਕਾਂ ਦੀਆਂ ਗੱਲਾਂ ਦੀ ਸੁੰਘ-ਸੁੰਘਾਈ ਤੋਂ ਬਿਨਾਂ ਕੋਈ ਹੋਰ ਕੰਮ ਹੈ?

**ਸਖ਼ਤ ਤੇ ਕੌੜੇ ਸੁਭਾਅ ਦੀ** ਕਰਤਾਰੀ ਬਹੁਤ ਸਖ਼ਤ ਤੇ ਕੌੜੇ ਸੁਭਾਅ ਦੀ ਔਰਤ ਹੈ। ਉਸ ਦਾ ਪੁੱਤਰ ਵੀ ਉਸ ਕੋਲੋਂ ਡਰਦਾ ਕਿਸੇ ਨੂੰ ਨਹੀਂ ਬੁਲਾਉਂਦਾ, ਪਰ ਜਦੋਂ ਉਹ ਖੇਤ ਜਾਂਦੀ ਹੈ ਤਾਂ ਉਹ ਜਿੰਦੇ ਤੇ ਬਾਬਾ ਜੀ ਨਾਲ ਬੈਠ ਕੇ ਚਾਹ ਪੀਂਦਾ ਤੇ ਗੱਲਾਂ ਕਰਦਾ ਹੈ ।

**ਪਤੀ ਨੂੰ ਮਿਹਣੇ ਮਾਰਨ ਵਾਲੀ** ਜਦੋਂ ਕਰਤਾਰੀ ਸੰਤੀ ਨਾਲ ਲੜਦੀ ਹੈ ਤਾਂ ਉਹ ਗੁੱਸੇ ਵਿੱਚ ਆਪਣੇ ਪਤੀ ਨੂੰ ਵੀ ਮਿਹਣੇ ਮਾਰਦੀ ਹੈ ਕਿ ਉਹ ਉਸਦਾ ਸਾਥ ਕਿਉਂ ਨਹੀਂ ਦਿੰਦਾ । ਉਹ ਕਹਿੰਦੀ ਹੈ, " ਇੱਕ ਆਹ ਖ਼ਸਮ ਨੀ ਕੰਮ ਦਾ।.....ਇਹਦੇ ਕੰਨ 'ਤੇ ਜੂੰ ਨਹੀਂ ਸਰਕਦੀ।

**ਸਹੁਰੇ ਦਾ ਫ਼ਿਕਰ ਕਰਨ ਵਾਲੀ** ਭਾਵੇਂ ਕਰਤਾਰੀ ਕਿੰਨੀ ਵੀ ਲੜਾਕੀ ਹੈ, ਪਰ ਉਹ ਆਪਣੇ ਸਹੁਰੇ ਦੇ ਬਿਮਾਰ ਹੋਣ 'ਤੇ ਫ਼ਿਕਰ ਕਰਦੀ ਹੋਈ ਆਪਣੇ ਪਤੀ ਨੂੰ ਕਹਿੰਦੀ ਹੈ ਕਿ ਉਹ ਬਾਪੂ ਜੀ ਨੂੰ ਆਪਣੇ ਘਰ ਲੈ ਆਵੇ । ਉਹ ਆਪਣੇ ਪਤੀ ਨੂੰ ਸਹੁਰੇ ਲਈ ਚਾਹ ਬਣਾ ਕੇ ਦਿੰਦੀ ਹੈ ਤੇ ਕਹਿੰਦੀ ਹੈ ਕਿ ਉਹ ਦੋ ਘੜੀ ਬਾਪੂ ਜੀ ਕੋਲ ਬੈਠ ਆਵੇ ।

ਇਸ ਪ੍ਰਕਾਰ ਕਰਤਾਰੀ ਸਖ਼ਤ ਤੇ ਕੌੜੇ ਸੁਭਾਅ ਦੀ, ਚੁਸਤ-ਚਲਾਕ ਪਰ ਸਹੁਰੇ ਦਾ ਫ਼ਿਕਰ ਕਰਨ ਵਾਲੀ ਔਰਤ ਹੈ ।

Edit with WPS Office

# ਸੰਤੀ ਦਾ ਪਾਤਰ ਚਿਤਰਨ

**ਜਾਣ-ਪਛਾਣ** ਸੰਤੀ 'ਪਰਤ ਆਉਣ ਤੱਕ 'ਇਕਾਂਗੀਦੀ ਮਹੱਤਵਪੂਰਨ ਪਾਤਰ ਹੈ।ਉਹ ਸੁੰਦਰ ਦੀ ਪਤਨੀ ਹੈ।ਜਿੰਦਾ ਉਸ ਦਾ ਪੁੱਤਰ ਹੈ ।ਕਰਤਾਰੀ ਉਸਦੀ ਸਕੀ ਭੈਣ ਤੇ ਜੇਠਾਣੀਵੀਹੈਬਜ਼ੁਰਗਪੰਜਾਬਾਉਸਦਾਸਹੁਰਾ ਉਸਦੇ ਚਰਿੱਤਰ ਵਿੱਚ ਹੇਠ ਲਿਖੇ ਗੁਣ ਹਨ:-

**ਬਦਲਾ ਲੈਣ ਵਾਲੀ** ਸੰਤੀ ਇੱਕ ਬਦਲਾਖੋਰ ਔਰਤ ਹੈ ।ਜਦੋਂ ਕਰਤਾਰੀ ਉਸਦੇ ਵਿਰੁੱਧ ਕੋਈ ਵੀ ਗੱਲ ਕਰਦੀ ਹੈ ਤਾਂ ਉਹ ਉਸੇ ਵੇਲੇ ਬੋਲ ਕੇ ਬਦਲਾ ਲੈ ਲੈਂਦੀ ਹੈ ।ਜਦੋਂ ਕਰਤਾਰੀ ਆਪਣੇ ਸਹੁਰੇ ਨਾਲ ਗੱਲ ਕਰਦੀ ਹੈ ਕਿ ਉਸਦੀ ਕਣਕ ਨੂੰ ਨਜ਼ਰ ਲੱਗ ਗਈ ਹੈ ਤਾਂ ਸੰਤੀ ਵੀ ਕਹਿੰਦੀ ਹੈ ਕਿ ਉਸਦੀ ਦੁੱਧ ਦੀ ਭਰੀ ਬਾਲਟੀ ਨੂੰ ਨਜ਼ਰ ਲੱਗਣ ਕਰਕੇ ਹੀ ਬਿੱਲੀ ਦੁੱਧ ਜੂਠਾ ਕਰ ਗਈ ਸੀ ।ਇਸ ਤਰ੍ਹਾਂ ਉਹ ਆਪਣੇ 'ਤੇ ਲਗਾਏ ਹਰ ਦੋਸ਼ ਦਾ ਬਦਲਾ ਉਸੇ ਵੇਲੇ ਲੈ ਲੈਂਦੀ ਹੈ ।

**ਵਹਿਮੀ** ਸੰਤੀ ਵੀ ਆਪਣੀ ਭੈਣ ਕਰਤਾਰੀ ਵਾਂਗ ਵਹਿਮੀ ਹੈ ।ਇਸੇ ਕਰਕੇ ਉਹ ਕਰਤਾਰੀ ਉੱਤੇ ਆਪਣੀ ਦੁੱਧ ਦੀ ਭਰੀ ਬਾਲਟੀ ਨੂੰ ਨਜ਼ਰ ਲੱਗਣ ਦਾ ਦੋਸ਼ ਲਗਾਉਂਦੀ ਹੈ ।

**ਕੌੜੇ ਸੁਭਾਅ ਦੀ** ਸੰਤੀ ਬਹੁਤ ਕੌੜੇ ਸੁਭਾਅ ਦੀ ਔਰਤ ਹੈ ।ਇਸੇ ਕਰਕੇ ਜਦੋ ਉਹ ਘਰ ਹੁੰਦੀ ਹੈ ਤਾਂ ਉਸ ਦਾ ਪੁੱਤਰ ਕਿਸੇ ਨਾਲ ਗੱਲ ਨਹੀਂ ਕਰਦਾ, ਪਰ ਜਦੋਂ ਉਹ ਖੇਤਾਂ ਨੂੰ ਜਾਂਦੀ ਹੈ ਤਾਂ ਉਹ ਦੀਪੇ ਤੇ ਆਪਣੇ ਬਾਬੇ ਨਾਲ ਬੈਠ ਕੇ ਚਾਹ ਪੀਂਦਾ ਹੈ ਤੇ ਖੁੱਲ ਕੇ ਗੱਲਾਂ ਕਰਦੇ ਹਨ ।

**ਪਤੀ ਦਾ ਨਿਰਾਦਰ ਨਾ ਸਹਿਣ ਵਾਲੀ** ਜਦੋਂ ਕਰਤਾਰੀ ਸੰਤੀ ਨਾਲ ਲੜਦੀ ਹੈ ਤਾਂ ਉਹ ਸੰਤੀ ਦੇ ਪਤੀ ਨੂੰ ਵੀ ਬੁਰਾ-ਭਲਾ ਕਹਿੰਦੀ ਹੈ, ਪਰ ਸੰਤੀ ਉਸ ਨੂੰ ਅਜਿਹਾ ਕਰਨ ਤੋਂ ਰੋਕਦੀ ਹੈ ।

**ਸਹੁਰੇ ਦਾ ਫ਼ਿਕਰ ਕਰਨ ਵਾਲੀ** ਭਾਵੇਂ ਸੰਤੀ ਕਿੰਨੀ ਵੀ ਲੜਾਕੀ ਹੈ ਪਰ ਜਦੋਂ ਉਸ ਨੂੰ ਆਪਣੇ ਸਹੁਰੇ ਦੇ ਬਿਮਾਰ ਹੋਣ ਦਾ ਪਤਾ ਲੱਗਦਾ ਹੈ ਤਾਂ ਉਹ ਸੁੰਦਰ ਨੂੰ ਬਜ਼ੁਰਗ ਦੀ ਖ਼ਬਰ ਲੈਣ ਭੇਜਦੀ ਹੈ ।

ਇਸ ਪ੍ਰਕਾਰ ਸੰਤੀ ਵਹਿਮੀ, ਕੌੜੇ ਸੁਭਾਅ ਦੀ, ਪਤੀ ਦਾ ਨਿਰਾਦਰ ਨਾ ਸਹਿਣ ਵਾਲੀ ਤੇ ਆਪਣੇ ਸਹੁਰੇ ਦਾ ਫ਼ਿਕਰ ਕਰਨ ਵਾਲੀ ਔਰਤ ਹੈ ।

Edit with WPS Office

# ਬਜ਼ੁਰਗ ਪੰਜਾਬਾ ਦਾ ਪਾਤਰ ਚਿਤਰਨ

**ਜਾਣ-ਪਛਾਣ** ਪੰਜਾਬਾ 'ਪਰਤ ਆਉਣ ਤੱਕ ' ਇਕਾਂਗੀ ਦਾ ਮਹੱਤਵਪੂਰਨ ਪਾਤਰ ਹੈ।ਉਹ ਸੱਜਣ ਤੇ ਸੁੰਦਰ ਦਾ ਪਿਤਾ ਹੈ ।ਉਹ ਆਪਣੇ ਘਰ ਦੇ ਕਲੇਸ਼ ਤੋਂ ਤੰਗ ਆ ਕੇ ਆਪਣਾ ਘਰ-ਬਾਰ, ਜ਼ਮੀਨ-ਜਾਇਦਾਦ ਆਪਣੇ ਦੋਹਾਂ ਮੁੰਡਿਆਂ ਨੂੰ ਵੰਡ ਦਿੰਦਾ ਹੈ ।ਉਹ ਆਪ ਘਰ ਦੇ ਪਿੱਛੇ ਬਣੇ ਢਾਰੇ ਵਿੱਚ ਰਹਿੰਦਾ ਹੈ ਤੇ ਅੱਡ-ਅੱਡ ਹੋਏ ਘਰਾਂ ਵਿੱਚ ਨਹੀ ਜਾਣਾ ਚਾਹੁੰਦਾ ।ਜਿੰਦਾਤੇ ਦੀਪਾ ਉਸਦੇ ਪੋਤਰੇ ਹਨ।ਉਸਦੇ ਚਰਿੱਤਰ ਵਿੱਚ ਹੇਠ ਲਿਖੇ ਗੁਣ ਹਨ ।

**ਬੇਵੱਸ ਆਦਮੀ** ਪੰਜਾਬਾ ਇੱਕ ਬੇਵੱਸ ਆਦਮੀ ਹੈ।ਉਹ ਆਪਣੀਆਂ ਨੂੰਹਾਂ ਦੀ ਹਰ ਰੋਜ਼ ਦੀ ਲੜਾਈ ਤੋਂ ਤੰਗ ਆ ਕੇ ਆਪਣੀ ਜਾਇਦਾਦ ਵੰਡ ਦਿੰਦਾ ਹੈ, ਪਰ ਉਸ ਦੀਆਂ ਨੂੰਹਾਂ ਦਾ ਲੜਾਈ ਝਗੜਾ ਫਿਰ ਵੀ ਬੰਦ ਨਹੀਂ ਹੁੰਦਾ।ਜਿਸ ਕਰਕੇ ਪੰਜਾਬਾ ਬਹੁਤ ਦੁਖੀ ਹੁੰਦਾ ਹੈ ਤੇ ਆਪਣੀਆਂ ਨੂੰਹਾਂ ਨੂੰ ਲੜਾਈ ਕਰਨ ਤੋਂ ਰੋਕਦਾ ਹੈ,ਪਰ ਕੋਈ ਵੀ ਉਸਦੀ ਗੱਲ ਸੁਣਦਾ ਨਹੀਂ ਤੇ ਉਹ ਬੇਵੱਸ ਹੋ ਕੇ ਰਹਿ ਜਾਂਦਾ ਹੈ।

**ਮਿਹਨਤੀ ਆਦਮੀ** ਪੰਜਾਬਾ ਇੱਕ ਮਿਹਨਤੀ ਆਦਮੀ ਹੈ ।ਉਸਨੇ ਬੜੀ ਮਿਹਨਤ ਨਾਲ ਘਰ ਬਣਾਇਆ ਤੇ ਹਮੇਸ਼ਾ ਆਪਣੇ ਪੁੱਤਰਾ ਦੇ ਸੁੱਖ ਦੀ ਕਾਮਨਾ ਕੀਤੀ ।ਉਹ ਆਪਣੇ ਪੋਤਰਿਆਂ ਨੂੰ ਕਹਿੰਦਾ ਹੈ, "ਫੂਹੀ-ਫੂਹੀ ਕਰਕੇ ਘਰ ਬੰਨਿਆ ।"

**ਘਰ ਦੀ ਵੰਡ ਤੋਂ ਦੁਖੀ** ਪੰਜਾਬੇ ਨੇ ਭਾਵੇਂ ਘਰ ਦੇ ਕਲੇਸ਼ ਤੋਂ ਤੰਗ ਆ ਕੇ ਆਪਣਾ ਘਰ ਤੇਜ਼ਮੀਨ ਵੰਡ ਦਿੱਤੀ ਹੈ, ਪਰ ਉਹ ਇਸ ਵੰਡ ਤੋਂ ਬਹੁਤ ਦੁਖੀ ਹੈ ।ਉਹ ਸਾਂਝੇ ਵਿਹੜੇ ਦੇ ਪਿੱਛੇ ਬਣੇ ਢਾਰੇ ਵਿੱਚ ਰਹਿਣਾ ਸ਼ੁਰੂ ਕਰ ਦਿੰਦਾ ਹੈ ।

**ਵੰਡ ਨਾਲ ਸਮਝੌਤਾ ਨਾ ਕਰਨ ਵਾਲਾ** ਭਾਵੇਂ ਪੰਜਾਬਾ ਆਪਣੇ ਘਰ ਦੀ ਵੰਡ ਕਰ ਦਿੰਦਾ ਹੈ, ਪਰ ਉਸ ਦਾ ਮਨ ਇਸ ਨਾਲ ਸਮਝੌਤਾ ਨਹੀਂ ਕਰਦਾ ।ਇਸੇ ਕਰਕੇ ਜਦੋਂ ਉਹ ਬਿਮਾਰ ਹੁੰਦਾ ਹੈ ਤਾਂ ਉਸ ਦੇ ਦੋਵੇਂ ਪੁੱਤਰ ਉਸਨੂੰ ਆਪਣੇ ਘਰ ਚੱਲਣ ਲਈ ਆਖਦੇ ਹਨ ਪਰ ਉਹ ਅੱਡ-ਅੱਡ ਹੋਏ ਘਰਾਂ ਵਿੱਚ ਨਹੀ ਜਾਣਾ ਚਾਹੁੰਦਾ ।ਅਖ਼ੀਰ ਵਿੱਚ ਦੀਪੇ ਤੇ ਜਿੰਦੇ ਦੇ ਸਮਝਾਉਣ ਤੇ ਬਾਪੂ ਦੀ ਮਾਨਸਿਕ ਹਾਲਤ ਹੋਏ ਮੁੜ ਘਰ ਨੂੰ ਇਕੱਠਾ ਕਰ ਲੈਂਦੇ ਹਨ ਬਜ਼ੁਰਗ ਪੰਜਾਬਾ ਉੱਠ ਕੇ ਸ ਪ੍ਰਕਾਰ ਬਜ਼ੁਰਗ ਪੰਜਾਬਾ ਇੱਕ ਮਿਹਨਤੀ ,ਬੇਵੱਸ ਤੇ ਘਰ ਦੀ ਵੰਡ ਤੋਂ ਦੁਖੀ ਵਿਅਕਤੀ ਹੈ।

Edit with WPS Office

ਤਿਆਰ ਕਰਤਾ:ਬਲਜਿੰਦਰ ਕੌਰ
ਪੰਜਾਬੀ ਮਿਸਟਰੈਸ ਸਰਕਾਰੀ ਕੰਨਿਆ
ਸੀਨੀਅਰ ਸੈਕੰਡਰੀ ਸਕੂਲ ਬੰਡਾਲਾ,
ਜਿਲ੍ਹਾ ਜਲੰਧਰ।

Edit with WPS Office